ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509

**ਕਵਿਤਾ- ਗੁਰਸੇਵਕ ਲੰਬੀ** (Page 192 to 201 )



ਗੁਰਸੇਵਕ ਲੰਬੀ
+91 9914150353

## 1. ਗਰਾਂ

ਮਾਏ ਨੀ ਮਾਏ ਸਾਡੇ
ਹਿੱਸੇ ਵਾਲਾ ਚਾਨਣ ਤਾਂ
ਮਾਏ ਦੱਸ ਕਿਹੜੇ ਨੀ ਗਰਾਂ।
ਸੂਰਜਾ ਨਾ ਚੜ੍ਹੇ ਮਾਏ
ਕਦੇ ਏਸ ਨਗਰੀ 'ਚ
ਮਾਏ ਮੈਂ ਤਾਂ ਰੋਜ਼ ਹੀ ਠਰਾਂ।

ਨੈਣਾਂ ਵਿੱਚ ਨਿੱਤ ਸਾਡੇ
ਰੜਕੇ ਨੀ ਭੱਖੜਾ ਤੇ
ਦੱਸ ਕਿੱਥੇ ਸੁਪਨੇ ਧਰਾਂ।
ਸੱਧਰਾਂ ਦੇ ਰੁੱਖੜੇ ਨੂੰ
ਦੁੱਖਾਂ ਦੀ ਸਿਉਂਕ ਲੱਗੀ
ਸੁੱਕ ਸੁੱਕ ਜਾਵਾਂ ਨਾ ਹਰਾਂ।

ਆਸਾਂ ਦੇ ਵਿਛੌਣੇ ਉਤੇ
ਕੱਚ ਉੱਗ ਪੈਂਦਾ ਮਾਏ
ਨਿੱਤ ਨੀ ਮੈਂ ਸੌਣ ਤੋਂ ਡਰਾਂ।
ਚਾਵਾਂ ਦੀਆਂ ਕਣਕਾਂ 'ਚ
ਹਾਉਕਿਆਂ ਦਾ ਗੁੱਲੀ ਡੰਡਾ
ਵਾਂਗ ਕਿਸੇ ਜੱਟ ਦੇ ਖਰਾਂ।

ਪੁੰਨਿਆਂ ਦਾ ਚੰਨ ਸਾਡਾ
ਬੱਦਲਾਂ ਨੇ ਡੱਕਿਆ ਤੇ
ਰਾਤ ਸਾਡੀ ਮੱਸਿਆ ਤਰ੍ਹਾਂ।
ਪੀੜਾਂ ਵਾਲਾ ਆਟਾ ਤਾਂ
ਸਲੂਣਾ ਬਹੁਤ ਅੰਮੀਏ ਮੈਂ

ਹਿਜਰਾਂ ਦੀ ਘੁੱਟੜੀ ਭਰਾਂ।

ਰੂਹ ਮੇਰੀ ਅੰਮੀਏ ਨੀ
ਵੰਡੀ ਗਈ ਪੰਜਾਬ ਵਾਂਗੂੰ
ਦੋਨੋਂ ਪਾਸੇ ਰੋਜ਼ ਹੀ ਮਰਾਂ।
ਕੂਲੇ ਕੂਲੇ ਅੰਗਾਂ ਉੱਤੇ
ਉੱਗੀ ਕੰਡਿਆਲੀ ਮਾਏ
ਕਿਸ ਨੂੰ ਕਲਾਵੇ 'ਚ ਭਰਾਂ।

ਨਿੱਤ ਨੀ ਖ਼ਿਆਲਾਂ ਵਾਲੀ
ਚੁੰਨੀ ਕੱਢ ਬੈਠਾਂ ਮਾਏ
ਮੁੜ ਮੁੜ ਸਿਰ 'ਤੇ ਧਰਾਂ।
ਦਿਲ ਮੇਰਾ ਅੰਮੀਏ ਨੀ
ਲੰਬੀ ਲੰਬੀ ਕੂਕਦਾ ਤੇ
ਦੱਸ ਮੈਨੂੰ ਲੰਬੀ ਦਾ ਗਰਾਂ।

## 2. ਤੇਰੀ ਨਗਰੀ

ਮੈਂ ਚੱਲਿਆ ਹਾਂ ਤੇਰੀ ਨਗਰੀ ਚੋਂ
ਤੇਰੀ ਨਗਰੀ ਦੇ ਮੈਂ ਮੇਚ ਨਹੀਂ
ਮੇਰੇ ਤਨ ਤੇ ਸੂਲਾਂ ਉੱਗੀਆਂ ਨੇ
ਅਜੇ ਫੁੱਲ ਹੋਣਾ ਮੇਰੇ ਲੇਖ ਨਹੀਂ

ਮੈਂ ਪੰਛੀ ਵਿਰਵਾ ਕਿਸਮਤ ਤੋਂ
ਅਜੇ ਗਿਰਵੀ ਹੈ ਪਰਵਾਜ਼ ਮੇਰੀ
ਨਾ ਅੰਬਰ ਹੈ ਨਾ ਧਰਤੀ ਹੈ
ਹਾਲੇ ਮੇਰਾ ਕੋਈ ਦੇਸ ਨਹੀਂ

ਮੈਂ ਸੋਚਿਆ ਸੀ ਦਿਨ ਕੱਟ ਲਾਂਗਾ
ਤੇਰੇ ਨਾਲ ਹੇਠਾਂ ਤੇਰੀ ਛਾਂ ਹੇਠਾਂ
ਤੂੰ ਖੁਦ ਹੀ ਠੁਰ ਠੁਰ ਕਰਦਾ ਏ
ਤੇਰੇ ਪੱਤਿਆਂ ਦੇ ਵਿੱਚ ਸੇਕ ਨਹੀਂ

ਤੇਰੀ ਨਗਰੀ ਉੱਤੇ ਕਬਜ਼ਾ ਹੈ
ਕੁਝ ਬਗਲਿਆਂ ਦਾ ਕੁਝ ਬਾਜਾਂ ਦਾ
ਚਿੜੀਆਂ ਦੀ ਚੀਂ ਚੀਂ ਤੂੰ ਸੁਣ ਲੈਂ
ਸਾਡੇ ਐਨੇ ਚੰਗੇ ਲੇਖ ਨਹੀਂ

ਮੈਂ ਸੁਣਿਆ ਤੇਰੀ ਨਗਰੀ ਵਿੱਚ
ਸਭ ਕੁਝ ਹੀ ਮੁੱਲ ਨੂੰ ਮਿਲ ਜਾਂਦਾ
ਮੈਂ ਕਿੰਝ ਖਰੀਦਾਂ ਖੁਸ਼ੀਆਂ ਨੂੰ
ਮੇਰੇ ਗਮ ਹੁੰਦੇ ਮੈਥੋਂ ਵੇਚ ਨਹੀਂ

### 3. ਪ੍ਰਸ਼ਾਸਨ

ਸੌਂ ਰਿਹਾ ਸੀ ਪ੍ਰਸ਼ਾਸਨ
ਤੇ ਉਨ੍ਹਾਂ ਦਿੱਲੀ ਦੀਆਂ ਸੜਕਾਂ 'ਤੇ
ਮਧੋਲ਼ ਕੇ ਸੁੱਟ ਦਿੱਤੀ ਦਾਮਨੀ
ਚਿੱਕੜ 'ਚ ਖਿਲਾਰ ਦਿੱਤੀ
ਦਾਮਨੀ ਦੇ ਪਿੰਡੇ ਦੀ ਖ਼ੁਸ਼ਬੋ
ਮਲ਼ ਦਿੱਤੀ ਤਾਰਿਆਂ ਦੇ ਮੂੰਹ 'ਤੇ ਕਾਲਖ਼
ਪੈਰਾਂ 'ਚ ਰੋਲ਼ ਦਿੱਤੀ ਚੰਦਰਮਾ ਦੀ ਚਾਂਦਨੀ
ਤੇ ਦਾਮਨੀ ਦਮ ਤੋੜ ਗਈ

ਪ੍ਰਸ਼ਾਸਨ ਜਾਗਿਆ
ਲੁਹਾ ਦਿੱਤੇ ਬੱਸਾਂ 'ਚੋਂ ਪਰਦੇ
ਕਾਰਾਂ ਦੇ ਸੀਸ਼ਿਆਂ 'ਤੇ ਚਿਪਕੀਆਂ ਕਾਲ਼ੀਆਂ ਫ਼ਿਲਮਾਂ
ਮੋੜਾਂ 'ਤੇ ਟੰਗ ਦਿੱਤੇ ਕੈਮਰੇ
ਚਿਪਕਾ ਦਿੱਤੇ ਨਵੇਂ ਹੈਲਪਲਾਈਨ ਨੰਬਰ
ਤੇ ਫੇਰ....
ਪ੍ਰਸ਼ਾਸਨ ਸੌਂ ਗਿਆ

ਸੌਂ ਰਿਹਾ ਸੀ ਪ੍ਰਸ਼ਾਸਨ
ਕਿ ਉਹ ਨੰਨ੍ਹੀ ਆਸਿਫ਼ਾ ਅੱਗੇ
ਸਵਾਲ ਬਣ ਖੜ੍ਹੇ ਹੋ ਗਏ
ਧਰਮ ਦੀ ਆੜ ਹੇਠ ਢਾਹ ਦਿੱਤਾ
ਆਸਿਫ਼ਾ ਦੇ ਤਨ ਦਾ ਮੰਦਰ
ਸੁਕਾ ਦਿੱਤੇ ਉਸ ਦੇ ਚਾਵਾਂ ਦੇ ਚਸ਼ਮੇ
ਤੇ ਜੜ ਦਿੱਤਾ
ਅਖੌਤੀ ਚਿਰਾਗ਼ਾਂ ਦੇ ਮੂੰਹ 'ਤੇ ਥੱਪੜ

ਪ੍ਰਸ਼ਾਸਨ ਜਾਗਿਆ
ਲਗਾ ਦਿੱਤਾ
ਹਰ ਮਜ਼ਹਬੀ ਕਿਤਾਬ ’ਤੇ ਪਹਿਰਾ
ਖਿੰਡਾਅ ਦਿੱਤੀ ਹਰ ਬਾਜ਼ਾਰ ਵਿਚ ਸੁੰਨ
ਤਾਣ ਦਿੱਤੀ ਆਲ੍ਹਣਿਆਂ ਨੂੰ ਗੁਲੇਲ
ਤੇ ਫੇਰ...
ਪ੍ਰਸ਼ਾਸਨ ਸੌਂ ਗਿਆ

ਸੌਂ ਰਿਹਾ ਸੀ ਪ੍ਰਸ਼ਾਸਨ
ਕਿ ਪ੍ਰਸ਼ਾਸਨ ਨੂੰ ਜਗਾਉਣ ਲਈ
ਬੋਰਵੈੱਲ ਵਿਚ ਡੂੰਘਾ ਉੱਤਰ ਗਿਆ ਫ਼ਤਹਿਵੀਰ
ਅੜਿਆ, ਖੜ੍ਹਿਆ ਤੇ ਲੜਿਆ
ਪਰ ਜਦੋਂ ਤਕ ਪ੍ਰਸ਼ਾਸਨ ਜਾਗਿਆ
ਫ਼ਤਹਿਵੀਰ, ਫ਼ਤਹਿ ਹੋ ਚੁੱਕਾ ਸੀ

ਪ੍ਰਸ਼ਾਸਨ ਜਾਗਿਆ
ਘੁੱਟ ਦਿੱਤੀ
ਪੁਰਾਣੇ ਖੂਹਾਂ ਦੀ ਸੰਘੀ
ਫੜ ਲਿਆ ਖੁੱਲ੍ਹੇ ਬੋਰਵੈਲਾਂ ਦਾ ਕਾਲਰ
ਦੱਬ ਲਿਆ ਲੋਕ ਰੋਹ ’ਚੋਂ ਉੱਠਦਾ ਧੂੰਆਂ
ਤੇ ਪ੍ਰਸ਼ਾਸਨ.. ਫੇਰ ਸੌਂ ਗਿਆ

ਸੌਂ ਰਿਹਾ ਸੀ ਪ੍ਰਸ਼ਾਸਨ
ਕਿ ਉਹ ਗਿਰਝਾਂ ਬਣ ਝਪਟ ਗਏ ਪ੍ਰਿਅੰਕਾ ਰੈਡੀ ਨੂੰ
ਉਨ੍ਹਾਂ ਸੁਆਹ ਕਰ ਦਿੱਤੀ
ਉਹਦੇ ਸਾਹਾਂ ਦੀ ਅਗਨੀ
ਭੰਨ ਦਿੱਤੇ ਉਹਦੇ ਹਾਸਿਆਂ ਦੇ ਸਾਜ਼

ਤੋੜ ਸੁੱਟੇ ਉਹਦੇ ਪੈਰਾਂ 'ਚੋਂ
ਸੱਧਰਾਂ ਦੇ ਘੁੰਗਰੂ
ਉਹ ਪਸ਼ੂਆਂ ਦਾ ਦਿਲ ਪੜ੍ਹਦੀ
ਹੱਥਾਂ 'ਚ ਮੱਲਮ ਫੜਦੀ
ਪਛਾਣ ਨਾ ਸਕੀ
ਚੁਫੇਰੇ ਘੁੰਮਦੇ ਭੇੜੀਆਂ ਨੂੰ
ਹੈਦਰਾਬਾਦ, ਬੇਅਬਾਦ ਹੈ

ਪ੍ਰਸ਼ਾਸਨ ਜਾਗਿਆ
ਫਰੋਲ਼ ਸੁੱਟੀ ਜੰਗਲ ਦੀ ਹਰ ਟਾਹਣੀ
ਛਾਣ ਧਰਿਆ ਖੂਹਾਂ ਦਾ ਪਾਣੀ
ਚਾਰ ਰੌਂਦਾਂ ਨੇ ਖ਼ਤਮ ਕਰ ਦਿੱਤੀ ਸਾਰੀ ਕਹਾਣੀ
ਪ੍ਰਸ਼ਾਸਨ ਦੇ ਗਲ਼ 'ਚ ਮੈਡਲ ਹਨ
ਹਵਾ ਦੇ ਪੰਨਿਆਂ 'ਤੇ ਸਵਾਲ
ਮੈਡਲ ਹਿੱਕ ਨਾਲ ਲਾ ਪ੍ਰਸ਼ਾਸਨ
ਫੇਰ ਸੌਂ ਗਿਆ...

ਸੌਂ ਰਿਹਾ ਸੀ ਪ੍ਰਸ਼ਾਸਨ
ਕਿ ਲੌਂਗੋਵਾਲ ਦੇ ਫੁੱਲ ਕਹਿੰਦੇ
ਪ੍ਰਸ਼ਾਸਨ ਨੂੰ ਅਸੀਂ ਜਗਾਵਾਂਗੇ
ਬੇਸ਼ੱਕ ਅਸੀਂ ਭਸਮ ਹੋ ਜਾਵਾਂਗੇ
ਪਰ ਲੋਕਾ ਵੇ!
ਤੈਨੂੰ ਲਾਹਣਤਾਂ ਪਾਵਾਂਗੇ
ਤੇ ਫਿਰ ਭਵਿੱਖ ਦੇ ਸੂਰਜਾਂ ਨੂੰ ਖਾ ਗਈ
ਅਣਗਹਿਲੀ ਦੀ ਅੱਗ
ਸ਼ੀਸ਼ਿਆਂ ਨੇ ਚੀਰ ਸੁੱਟਿਆ

ਪਾਣੀਆਂ ਦਾ ਬਦਨ
ਹਾਰ ਗਏ ਜੁਗਨੂੰ
ਕੁਤਾਹੀ ਦੇ ਵਾਇਰਸ ਸਾਹਵੇਂ
ਪ੍ਰਸ਼ਾਸਨ ਜਾਗਿਆ...
ਘੇਰ ਲਈ ਪਾਠਸ਼ਾਲਾ ਨੂੰ ਜਾਂਦੀ ਸਾਰੀ ਖ਼ੁਸ਼ਬੋ
ਕੱਟ ਦਿੱਤੇ ਬੰਜਰ ਅਤੇ ਤਾਜ਼ੀਆਂ ਹਵਾਵਾਂ ਦੇ ਚਲਾਨ
ਕੱਢ ਸੁੱਟੀਆਂ ਗੁਲਦਸਤਿਆਂ ਵਿੱਚੋਂ ਮੁਰਝਾਈਆਂ ਕਲੀਆਂ

ਨਦੀਆਂ ਤੇ ਦਰਿਆ ਖ਼ੁਸ਼ ਨੇ
ਕਿ ਅਜਿਹਾ ਹੋਣਾ ਹੀ ਚਾਹੀਦਾ ਸੀ
ਜ਼ਰੂਰ ਹੋਣਾ ਚਾਹੀਦਾ ਸੀ
ਕਾਸ਼... ਪਰ! ਅਜਿਹਾ ਪਹਿਲਾਂ ਹੋ ਜਾਂਦਾ
ਤਾਂ ਕਦੇ ਨਾ ਵਿਛੜਦੇ
ਆਲ੍ਹਿਆਂ ਤੋਂ ਦੀਵੇ
ਝਰਨਿਆਂ ਤੋਂ ਪਾਣੀ
ਪੱਤਿਆਂ ਤੋਂ ਹਰਿਆਲੀ
ਪਰ ਉਦੋਂ...
ਸੌਂ ਰਿਹਾ ਸੀ ਪ੍ਰਸ਼ਾਸਨ

ਥੋੜ੍ਹੇ ਦਿਨ ਬਾਅਦ
ਫਿਰ ਸੌਂ ਜਾਵੇਗਾ ਪ੍ਰਸ਼ਾਸਨ
ਸੜਕਾਂ 'ਤੇ ਸਰਪਟ ਦੌੜੇਗੀ ਮੌਤ
ਅਸਮਾਨ 'ਚ ਗਿਰਝਾਂ ਪੈਲਾਂ ਪਾਉਣਗੀਆਂ
ਦੀਵੇ ਭਕ-ਭਕ ਕਰ ਕੇ ਬੁਝ ਜਾਣਗੇ
ਵਕਤ ਦੀ ਘੜੀ ਫੇਰ ਲਹੂ-ਲੁਹਾਨ ਹੋਵੇਗੀ
ਉਦੋਂ ਪ੍ਰਸ਼ਾਸਨ... ਫੇਰ ਜਾਗ ਉੱਠੇਗਾ

### 4. ਸੱਤਾ

ਮੇਰੇ ਮੁਲਕ ਵਿਚ
ਸੱਤਾ ਦੇ ਬਦਲਣ ਨਾਲ
ਕੇਵਲ ਸਰਕਾਰ ਨਈਂ ਬਦਲਦੀ
ਬਲਕਿ ਬਦਲ ਜਾਂਦੇ ਨੇ
ਨਾਅਰੇ, ਪਿਆਰੇ ਤੇ ਹਮਾਰੇ

ਬੇਨਿਯਮੀਆਂ ਖ਼ਿਲਾਫ਼
ਵਰਿਆਂ ਤੋਂ ਧਰਨਿਆਂ 'ਤੇ ਬੈਠੇ ਲੋਕ
ਅਚਾਨਕ ਕੁਰਸੀਆਂ 'ਤੇ ਆ ਬੈਠਦੇ ਨੇ
ਤੇ ਕੁਰਸੀਆਂ ਦਾ ਅਨੰਦ ਮਾਣ ਚੁੱਕੇ
ਲਾਮਬੱਧ ਹੋ ਜਾਂਦੇ ਨੇ
'ਕੁਝ ਵੀ ਗ਼ਲਤ ਨਹੀਂ ਹੋਣ ਦਿਆਂਗੇ'

ਸੱਤਾ ਦੇ ਬਦਲਣ ਨਾਲ
ਬਦਲ ਜਾਂਦੇ ਨੇ
ਗ਼ਰੀਬੀ ਰੇਖਾ ਤੋਂ ਹੇਠਾਂ ਆਉਂਦੇ
ਲੋਕਾਂ ਦੇ ਨਾਂ
ਸਰਕਾਰੀ ਸਕੀਮਾਂ ਦੇ ਸਿਰਲੇਖ
ਦਫ਼ਤਰਾਂ ਵਿਚ
ਫ਼ਾਈਲਾਂ ਕਲੀਅਰ ਹੋਣ ਦੇ ਰੇਟ

ਰਾਤੋ-ਰਾਤ ਬਦਲ ਜਾਂਦੀਆਂ ਨੇ
ਕੰਧ 'ਤੇ ਟੰਗੇ
ਕੈਲੰਡਰ ਵਿਚਲੀਆਂ
ਧਾਰਮਿਕ ਛੁੱਟੀਆਂ
ਸਰਕਾਰੀ ਹਸਪਤਾਲ 'ਚੋਂ

ਕਦੇ ਨਾ ਮਿਲਣ ਵਾਲ਼ੀਆਂ
ਦਵਾਈਆਂ ਦੀਆਂ ਕੰਪਨੀਆਂ
ਅਫ਼ਸਰਾਂ ਦੀ ਕੁਰਸੀ ਦੀ
ਪਿੱਠ ਪਿੱਛੇ ਹੱਸਦੀਆਂ ਤਸਵੀਰਾਂ

ਪਤਾ ਹੀ ਨਹੀਂ ਚੱਲਦਾ
ਕਦੋਂ ਬਦਲ ਜਾਂਦਾ ਹੈ
ਪੱਗਾਂ ਤੇ ਟੋਪੀਆਂ ਦਾ ਰੰਗ
ਮੋਬਾਇਲਾਂ ’ਤੇ ਆਉਂਦਾ ਨੈੱਟਵਰਕ
ਪਾਸ ਹੋਏ ਰਸਤਿਆਂ ਦਾ ਰਸਤਾ

ਇਹੀ ਨਹੀਂ
ਸੱਤਾ ਦੇ ਬਦਲਣ ਨਾਲ
ਬਦਲ ਜਾਂਦੇ ਨੇ
ਲੋਕ ਯੂਨੀਅਨਾਂ ਦੇ ਪ੍ਰਧਾਨ
ਕੁਰਸੀਆਂ ’ਤੇ ਲੱਗਿਆ ਲੈਦਰ
ਬਹੁਤ ਜ਼ਰੂਰੀ ਕਾਗ਼ਜ਼ਾਂ ’ਤੇ
ਰੱਖਿਆ ਪੇਪਰ ਵੇਟ

ਮੇਰੇ ਮੁਲਕ ਵਿਚ
ਸੱਤਾ ਦੇ ਬਦਲਣ ਨਾਲ ਹੀ
ਬਦਲ ਜਾਂਦੇ ਨੇ
ਸਮਾਗਮਾਂ ਦੇ ਮੁੱਖ ਮਹਿਮਾਨ
ਟੈਂਟਾਂ ਵਿਚਲੇ ਕੱਪੜਿਆਂ ਦੇ ਰੰਗ
ਰੱਬ ਦੀ ਉਸਤਤਿ ਵਿਚ
ਗਾਏ ਜਾਣ ਵਾਲ਼ੇ ਗੀਤਾਂ ਦੇ ਸ਼ਬਦ

ਮੇਰੇ ਮੁਲਕ ਵਿਚ
ਸੱਤਾ ਦੇ ਬਦਲਣ ਨਾਲ
ਬਹੁਤ ਕੁਝ ਬਦਲ ਜਾਂਦਾ ਹੈ
ਬਸ ਜੇ ਨਹੀਂ ਬਦਲਦਾ
ਤਾਂ ਸੱਤਾ ਨੂੰ ਬਦਲਣ ਵਾਲ਼ੇ
ਲੋਕਾਂ ਦਾ ਜੀਵਨ ਨਹੀਂ ਬਦਲਦਾ